ੴ ਵਾਹਿਗੁਰੂ ਜੀ ਕੀ ਫ਼ਤਹ॥

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## (ਧਰਮ ਪ੍ਰਚਾਰ ਕਮੇਟੀ)

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ-143 006 (ਪੰਜਾਬ) ਭਾਰਤ


ਨੰਬਰ: 41172

ਮਿਤੀ: 21/12/23

**S. Jagir Singh Ji,**
President, Malaysian Gurdwaras Council,
Majlis Gurdwara Malaysia, No.7A,
Jalan Haji Salleh Sentul, 51100 Kuala Lumpur.
Tel: 603-4050 2329, Fax: 603-4043 5028.
Email: (gurdwaracouncil@gmail.com)

ਪ੍ਰਯੋਜਨ:- **ਸ਼ਹੀਦੀ ਹਫ਼ਤੇ ਸਬੰਧੀ**

**ਸ੍ਰੀਮਾਨ ਜੀ,**

ਆਪ ਜੀ ਵੱਲੋਂ ਪੁੱਜੀ ਈਮੇਲ/ਪੱਤ੍ਰਿਕਾ ਨੰਬਰ 265/05 (01/23), ਮਿਤੀ 29.11.23 ਰਾਹੀਂ ਪ੍ਰਸ਼ਨ ਉਠਾਇਆ ਗਿਆ ਕਿ ਮਿਤੀ 21.12.23 ਤੋਂ 27.12.23 ਤੀਕ ਸਾਹਿਬਜ਼ਾਦਿਆਂ ਦਾ ਸ਼ਹੀਦੀ ਹਫ਼ਤਾ ਮਨਾਇਆ ਜਾਂਦਾ ਹੈ, ਕੀ ਇਨ੍ਹਾਂ ਦਿਨਾਂ ਵਿੱਚ ਵਿਆਹ ਸ਼ਾਦੀਆਂ ਜਾਂ ਖੁਸ਼ੀ ਦੇ ਪ੍ਰੋਗਰਾਮ ਕਰਨੇ ਚਾਹੀਦੇ ਹਨ? ਇਸ ਮਸਲੇ ਸਬੰਧੀ ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰੀਪੋਰਟ ਦੇ ਆਧਾਰਪੁਰ ਲਿਖਿਆ ਜਾਂਦਾ ਹੈ ਕਿ ਗੁਰਮਤਿ ਅਨੁਸਾਰ ਖੁਸ਼ੀ-ਗ਼ਮੀ ਇੱਕ ਬਰਾਬਰ ਹੈ। ਪਰ ਦੁਨਿਆਵੀ ਤੌਰ 'ਤੇ ਕੁਝ ਕੰਮ ਸਮੇਂ ਤੇ ਸਥਿਤੀ ਅਨੁਸਾਰ ਕਰਨੇ ਹੀ ਸ਼ੋਭਨੀਕ ਹੁੰਦੇ ਹਨ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਪੂਰੀ ਦੁਨੀਆਂ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ। ਉਨ੍ਹਾਂ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ-ਦਸੇਰਾ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਦਿਨਾਂ ਵਿੱਚ ਵਿਆਹ ਸ਼ਾਦੀ ਜਾਂ ਹੋਰ ਖੁਸ਼ੀ ਦੇ ਸਮਾਗਮ ਕਰਨ ਤੋਂ ਪ੍ਰਹੇਜ਼ ਹੀ ਕੀਤਾ ਜਾਵੇ, ਪਰ ਜੇਕਰ ਕੋਈ ਮਜ਼ਬੂਰੀ ਹੋਵੇ ਤਾਂ ਕਿਸੇ ਪ੍ਰਕਾਰ ਦਾ ਕੋਈ ਭਰਮ ਵੀ ਨਹੀਂ ਕਰਨਾ ਚਾਹੀਦਾ। ਆਪ ਜੀ ਦੀ ਜਾਣਕਾਰੀ ਹਿੱਤ ਪੱਤ੍ਰਿਕਾ ਭੇਜੀ ਜਾ ਰਹੀ ਹੈ।

ਸ਼ੁਭਚਿੰਤਕ,

**ਮੀਤ/ਐਡੀ: ਸਕੱਤਰ (ਪ੍ਰ:),**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਉਤਾਰਾ:-

1. ਇੰਚਾਰਜ ਜੀ, ਧਾਰਮਿਕ ਪੜਤਾਲਾਂ।

(21/12)


ਫੋਨ: +91 183 255 3952, 255 3956-60 ਐਕਸ: 300, ਫੈਕਸ: +91 183 255 3919
ਵੈਬ-ਸਾਈਟ: www.sgpc.net, ਈ-ਮੇਲ: info@sgpc.net